# ਪੰਜਾਬ ਸਰਕਾਰ
# ਸਿਹਤ ਅਤੇ ਪਰਿਵਾਰ ਭਲਾਈ ਵਿਭਾਗ
# ਰਾਸ਼ਟਰੀ ਸਿਹਤ ਮਿਸ਼ਨ

ਪੰਜਵੀ ਮੰਜਿਲ, ਪਰਿਆਸ ਬਿਲਡਿੰਗ, ਸੈਕਟਰ 38-ਬੀ, ਚੰਡੀਗੜ੍ਹ-160036
(ਫੋਨ ਨੰ: 0172-4012011-13, ਫੈਕਸ ਨੰ:0172-4012012-13

**ਐਨ.ਐਚ.ਐਮ./ਪੀ.ਬੀ./2021/ ਸੀ.ਐਚ.ਆਰ/** 79337 **ਮਿਤੀ :** 07-01-2022

**ਦਫਤਰੀ ਹੁਕਮ**

ਰਾਸ਼ਟਰੀ ਸਿਹਤ ਮਿਸ਼ਨ ਪੰਜਾਬ ਅਧੀਨ ਆਉਟਸੋਰਸ ਤੇ ਤੈਨਾਤ ਕਰਮਚਾਰੀਆਂ ਨੂੰ ਸਾਲ ਵਿੱਚ 12 ਦਿਨ ਦੀ ਅਚਨਚੇਤ ਛੁੱਟੀਆਂ ਦਿੱਤੀਆਂ ਜਾਣਗੀਆਂ ਅਤੇ ਹੇਠ ਲਿਖੇ ਅਨੁਸਾਰ ਨਿਯਮਾਂ/ਸ਼ਰਤਾ ਤੇ ਸਾਲ ਵਿੱਚ 15 ਦਿਨ ਦੀ ਮੈਡੀਕਲ ਲੀਵ ਮੰਨਜੂਰ ਕੀਤੀਆਂ ਜਾਂਦੀਆਂ ਹਨ।

1) ਆਉਟਸੋਰਸ ਕਰਮਚਾਰੀਆਂ ਨੂੰ ਵੱਧ ਤੋਂ ਵੱਧ 15 ਮੈਡੀਕਲ ਲੀਵ 1 ਸਾਲ ਵਿੱਚ ਤਨਖਾਹ ਸਮੇਤ ਮਿਲਣਯੋਗ ਹੋਵੇਗੀ।
2) ਮੈਡੀਕਲ ਛੁੱਟੀ ਲਈ ਕਰਮਚਾਰੀ ਨੂੰ ਬਿਮਾਰੀ ਜਾਂ ਹਾਦਸੇ ਕਾਰਨ ਹਸਪਤਾਲ ਵਿੱਚ ਦਾਖਲ ਰਹਿਣ ਦਾ ਸਬੰਧਤ ਹਸਪਤਾਲ ਤੋਂ ਮੈਡੀਕਲ ਸਰਟੀਫਿਕੇਟ ਦੇਣਾ ਹੋਵੇਗਾ।
3) ਮੈਡੀਕਲ ਛੁੱਟੀ ਅਗਲੇ ਸਾਲ ਦੀਆਂ ਛੁੱਟੀਆਂ ਵਿੱਚ ਨਹੀਂ ਜੋੜੀਆਂ ਜਾਣਗੀਆਂ ਅਤੇ ਸਾਲ ਦੇ ਅੰਤ ਵਿੱਚ ਛੁੱਟੀਆਂ ਖਤਮ ਹੋ ਜਾਣਗੀਆਂ।
4) 2 ਦਿਨਾਂ ਤੋਂ ਘੱਟ ਦਿਨ ਦੀ ਛੁੱਟੀ ਨੂੰ ਮੈਡੀਕਲ ਲੀਵ ਨਾ ਮੰਨਦੇ ਹੋਏ ਕੈਜੂਅਲ ਲੀਵ ਮੰਨਿਆਂ ਜਾਵੇਗਾ।
5) ਜੇਕਰ ਕਰਮਚਾਰੀ ਨਵਾ ਜੁਆਇੰਨ ਕਰਦਾ ਹੈ ਤਾਂ ਕਰਮਚਾਰੀ ਨੂੰ 1 ਸਾਲ ਦੀ ਸਰਵਿਸ ਪੂਰੀ ਕਰਨ ਉਪਰੰਤ ਹੀ ਮੈਡੀਕਲ ਛੁੱਟੀਆਂ ਮਿਲਣਯੋਗ ਹੋਣਗੀਆਂ।
6) ਜਿਹੜੇ ਕਰਮਚਾਰੀਆਂ ਦੀ ESI Act ਅਧੀਨ ESI ਦੀ ਅਦਾਇਗੀ ਕੀਤੀ ਜਾਂਦੀ ਹੈ ਉਹਨਾਂ ਨੂੰ ਮੈਡੀਕਲ ਛੁੱਟੀਆਂ ਦੀ ਤਨਖਾਹ ਦੀ ਅਦਾਇਗੀ ESI Act ਅਧੀਨ ਹੀ ਮਿਲਣਯੋਗ ਹੋਵੇਗੀ।

**ਇਹ ਹੁਕਮ ਮਾਣਯੋਗ ਮਿਸ਼ਨ ਡਾਇਰੈਕਟਰ ਐਨ.ਐਚ.ਐਮ ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾ ਰਹੇ ਹਨ।**

**ਡਾਇਰੈਕਟਰ**
**ਐਨ.ਐਚ.ਐਮ,ਪੰਜਾਬ।**

**ਐਨ.ਐਚ.ਐਮ./ਪੀ.ਬੀ./2021/ ਸੀ.ਐਚ.ਆਰ/** 79338-44 **ਮਿਤੀ :** 07-01-2022

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਲੋੜੀਂਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1) ਸਕੱਤਰ, ਪ੍ਰਮੁੱਖ ਸਕੱਤਰ ਸਿਹਤ ਪੰਜਾਬ ਨੂੰ ਮਾਣਯੋਗ ਪ੍ਰਮੁੱਖ ਸਕੱਤਰ ਸਿਹਤ ਜੀ ਦੀ ਜਾਣਕਾਰੀ ਹਿੱਤ ।
2) ਪੀ.ਏ. ਐਮ.ਡੀ ਐਨ.ਐਚ.ਐਮ ਪੰਜਾਬ ਨੂੰ ਮਿਸ਼ਨ ਡਾਇਰੈਕਟਰ ਐਨ.ਐਚ.ਐਮ ਪੰਜਾਬ ਜੀ ਦੀ ਸੂਚਨਾ ਹਿੱਤ।
3) ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ।.
4) ਡਾਇਰੈਕਟਰ ਸਿਹਤ ਸੇਵਾਵਾਂ (ਪਰਿਵਾਰ ਭਲਾਈ) , ਪੰਜਾਬ।
5) ਸਮੂਹ ਕੰਸਲਟੈਂਟ/ਮੈਨਜਰ ਅਤੇ ਪ੍ਰੋਗਰਾਮ ਅਫਸਰ(ਡੀ.ਐਚ.ਐਸ/ਐਨ.ਐਚ.ਐਮ)
6) ਸਮੂਹ ਸਿਵਲ ਸਰਜਨ, ਪੰਜਾਬ।
7) ਸਮੂਹ ਜਿਲ੍ਹਾ ਪ੍ਰੋਗਰਾਮ ਮੈਨੇਜਰ, ਐਨ.ਐਚ.ਐਮ, ਪੰਜਾਬ ਨੂੰ ਯੋਗ ਕਾਰਵਾਈ ਹਿੱਤ।

**ਡਾਇਰੈਕਟਰ**
**ਐਨ.ਐਚ.ਐਮ, ਪੰਜਾਬ।**